**ਡਾਇਰੈਕਟਰ ਜਰਨਲ ਸਕੂਲ ਸਿੱਖਿਆ,ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**
**ਐਸ.ਸੀ.ਓ ਨੰ:104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈਬ ਸਾਈਟ ਰਾਂਹੀਂ)

ਮੀਮੋ ਨੰ: ਆਈ.ਸੀ.ਟੀ./5/4-ICT-2008/Misc/68828
ਮਿਤੀ ਚੰਡੀਗੜ੍ਹ 09 ਨਵੰਬਰ, 2010

**ਵਿਸ਼ਾ:-** **ਪੰਜਾਬ ਸੂਚਨਾ ਅਤੇ ਸੰਚਾਰ ਤਕਨੋਲਜੀ ਸਿੱਖਿਆ ਸੋਸਾਇਟੀ ਅਧੀਨ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਤੋਂ ਹੋਰ ਕੰਮ ਲੈਣ ਸਬੰਧੀ।**

1.0 ਉਪਰੋਤਕ ਵਿਸੇ ਤੇ ਆਪ ਜੀ ਦਾ ਧਿਆਨ ਇਸ ਦਫਤਰ ਦੇ ਪੱਤਰ ਨੰ: ਮੀਮੋ ਨੰ ਆਈ.ਸੀ.ਟੀ./5/4-ICT-2008/Misc/33644, ਮਿਤੀ:-26-04-10 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਵੱਖ-ਵੱਖ ਸਕੂਲਾਂ ਦੇ ਮੁੱਖੀਆਂ ਦੇ ਵੱਲੋਂ ਮੀਟਿੰਗਾਂ ਦੇ ਦੌਰਾਨ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਸੀ ਕਿ ਕਈ ਕੰਪਿਊਟਰ ਟੀਚਰ, ਉਨ੍ਹਾਂ ਦੇ ਕਹੇ ਅਨੁਸਾਰ, ਸਕੂਲਾਂ ਦੇ ਕੰਮਾਂ ਦੇ ਵਿੱਚ ਸਹਿਯੋਗ ਨਹੀਂ ਕਰਦੇ ਹਨ। ਇਸ ਸਬੰਧ ਦੇ ਵਿੱਚ ਸਾਰੇ ਮੁੱਦੇ ਨੂੰ ਵਿਚਾਰਣ ਦੇ ਉਪਰੰਤ ਇਹ ਹਦਾਇਤਾਂ ਜਾਰੀ ਕਰ ਦਿੱਤੀਆ ਗਈਆ ਸਨ ਕਿ ਸਬੰਧਤ ਸਕੂਲ ਮੁੱਖੀ ਸਾਰੇ ਸਟਾਫ ਦਾ ਇੰਨਚਾਰਜ ਹੁੰਦਾ ਹੈ ਅਤੇ ਉਹ ਜਿਸ ਤਰ੍ਹਾਂ ਵੀ ਚਾਹੇ ਸਾਰੇ ਸਟਾਫ ਮੈਂਬਰ ਤੋਂ ਲੋੜੀਦਾਂ ਕੰਮ ਲੈ ਸਕਦਾ ਹੈ। ਬਸ਼ਰਤੇ ਕਿ ਸਬੰਧਤ ਅਧਿਆਪਕ ਦੀ ਪੜ੍ਹਾਈ ਦੇ ਕੰਮ ਦਾ ਹਰਜ਼ ਨਾ ਹੋਵੇ।

3.0 ਪਿਛਲੇ ਦਿਨੀਂ ਇਹ ਗੱਲ ਵੀ ਧਿਆਨ ਦੇ ਵਿੱਚ ਆਈ ਹੈ ਕਿ ਕਈ ਸਕੂਲਾਂ ਦੇ ਵਿੱਚ ਕਲਰਕ ਹੋਣ ਦੇ ਬਾਵਜੂਦ ਲਿਖਾਪੜ੍ਹੀ ਦਾ ਕੰਮ ਕੰਪਿਊਟਰ ਅਧਿਆਪਕ ਜਾਂ ਦੂਜੇ ਅਧਿਆਪਕਾਂ ਨੂੰ ਸਕੂਲ ਮੁੱਖੀ ਦੇ ਵੱਲੋਂ ਸੌਂਪ ਦਿੱਤਾ ਜਾਂਦਾ ਹੈ।

4.0 ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਕੀਤਾ ਜਾਣਾ ਨਿਯਮਾਂ ਦੇ ਵਿਰੁੱਧ ਹੈ। ਨਾਨ ਟੀਚਿੰਗ / ਕਲੈਰਿਕਲ ਕੰਮ ਜਿੱਥੇ ਤੱਕ ਸੰਭਵ ਹੋਵੇ, ਸਬੰਧਤ ਕਰਲਕ ਤੋਂ ਕਰਵਾਇਆ ਜਾਵੇ। ਜੇਕਰ ਉਨ੍ਹਾਂ ਨੂੰ ਟਾਇਪ ਜਾਂ ਕਿਸੀ ਹੋਰ ਮੱਦਦ ਦੀ ਲੋੜ ਹੋਵੇ ਤਾਂ ਉਹਨਾ ਨੂੰ ਆਪਣੇ ਸਕੂਲ ਦੇ ਵਿੱਚ ਟ੍ਰੇਨਿੰਗ ਵੀ ਕਰਵਾਈ ਜਾ ਸਕਦੀ ਹੈ। ਉਹ ਸਾਰੇ ਕਲਰਕਾਂ ਨੂੰ ਪੰਜ-ਪੰਜ ਦਿਨਾਂ ਦੀ ਟ੍ਰੇਨਿੰਗ ਵਿਭਾਗ ਵੱਲੋ ਕਰਵਾਈ ਗਈ ਹੈ। ਪ੍ਰੰਤੂ ਇਸ ਦੇ ਨਾਲ ਹੀ ਇਹ ਵੀ ਸਪਸਟ ਕੀਤਾ ਜਾਂਦਾ ਹੈ ਕਿ ਸਕੂਲ ਮੁੱਖੀ ਅਪਣੇ ਹਿਸਾਬ ਨਾਲ ਕੰਪਿਊਟਰ ਅਧਿਆਪਕ ਸਮੇਤ ਸਮੂਹ ਸਟਾਫ ਤੋ ਜੋ ਕੰਮ ਠੀਕ ਸਮਝਣ, ਉਹ ਸੌਂਪ ਸਕਦਾ ਹੈ ਤਾਂ ਜੋ ਸਕੂਲ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ।

ਇਹ ਪੱਤਰ ਆਪ ਦੀ ਅਗਵਾਈ ਹਿੱਤ ਹੈ।

**ਡਾਇਰੈਕਟਰ ਜਰਨਲ ਸਕੂਲ ਸਿੱਖਿਆ, ਪੰਜਾਬ**